ਉੱਤਰੀ ਐਡੀਲੇਡ ਸਥਾਨਕ ਸਿਹਤ ਨੈੱਟਵਰਕ



# ਗਾਹਕ + ਭਾਈਚਾਰਾ ਸ਼ਮੂਲੀਅਤ ਰਣਨੀਤਕਿ ਸਾਰ

(Engagement Strategy Summary) 2020–25

ਰਹਿਮਦਿਲੀ ਸੰਭਾਲ, ਬੇਮਿਸਾਲ ਲੋਕੀ

Government of South Australia

**Health**
Northern Adelaide Local Health Network

## ਸ਼ਾਸਕੀ ਬੋਰਡ ਦੇ ਸਭਾਪਤੀ (Governing Board Chair) ਵੱਲੋਂ ਸੰਦੇਸ਼

ਉੱਤਰੀ ਐਡੀਲੇਡ ਸਥਾਨਕ ਸਿਹਤ ਨੈੱਟਵਰਕ ਦੇ 2020 -25 ਗਾਹਕ ਅਤੇ ਭਾਈਚਾਰਕ ਸ਼ਮੂਲੀਅਤ ਰਣਨੀਤਿਕ ਸਾਰ (NALHN) ਨੂੰ ਪੇਸ਼ ਕਰਦੇ ਹੋਏ ਮੈਂ ਉਤਸਾਹਿਤ ਮਹਿਸੂਸ ਕਰ ਰਿਹਾ ਹਾਂ। ਇਹ ਐਡੀਲੇਡ ਤੋਂ ਉੱਤਰ ਅਤੇ ਉੱਤਰ-ਪੂਰਵ ਵੱਲ ਦੇ ਗਾਹਕਾਂ ਅਤੇ ਭਾਈਚਾਰਿਆਂ ਦੇ ਨਾਲ ਕੰਮ ਕਰਨ ਪ੍ਰਤੀ ਸਾਡੀ ਵਚਨਬੱਧਤਾ ਦਾ ਉੱਚ-ਪੱਧਰੀ ਸਾਰ ਪ੍ਰਦਾਨ ਕਰਦਾ ਹੈ ਤਾਂ ਜੋ ਸਾਡੇ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਸੁਰੱਖਿਆ ਅਤੇ ਗੁਣਵੱਤਾ ਵਿੱਚ ਯੋਗਦਾਨ ਮਿਲ ਸਕੇ।

ਇਹ ਰਣਨੀਤੀ ਸਾਫ ਦਿਸ਼ਾ ਨਿਰਧਾਰਿਤ ਕਰਦੀ ਹੈ ਕਿ ਅਸੀਂ 2020-25 ਦੇ ਪੰਜ ਸਾਲਾਂ ਦੌਰਾਨ ਗਾਹਕਾਂ ਅਤੇ ਭਾਈਚਾਰਿਆਂ ਦੇ ਨਾਲ ਕਿਵੇਂ ਜੁੜੇ ਰਹਾਂਗੇ। ਇਹ ਭਾਗੀਦਾਰੀ ਵਿੱਚ ਕੰਮ ਕਰਦੇ ਕਰਦੇ ਹੋਰ ਵੀ ਮਜਬੂਤ ਰਿਸ਼ਤੇ ਬਣਾਉਣ ਪ੍ਰਤੀ ਸਾਡੀ ਵਚਨਬੱਧਤਾ ਦੀ ਰੂਪਰੇਖਾ ਦਰਸ਼ਾਉਂਦਾ ਹੈ । ਇਹ ਇਸ ਗੱਲ ਨੂੰ ਪਛਾਣਦਾ ਹੈ ਕਿ ਗਾਹਕ ਅਤੇ ਭਾਈਚਾਰਕ ਸ਼ਮੂਲੀਅਤ ਇਹ ਨਿਰਧਾਰਿਤ ਕਰਨ ਵਿੱਚ ਸਭ ਤੋਂ ਮਹੱਤਵਪੂਰਨ ਹਨ ਕਿ ਅਸੀਂ ਕਿਹੜੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ, ਉਨ੍ਹਾਂ ਨੂੰ ਕਿਵੇਂ ਪ੍ਰਦਾਨ ਕਰਦੇ ਹਾਂ ਅਤੇ ਅਸੀਂ ਸੁਧਾਰ ਕਿਵੇਂ ਲਿਆ ਸਕਦੇ ਹਾਂ।

ਸਾਡੇ ਗਾਹਕਾਂ ਅਤੇ ਭਾਈਚਾਰੇ ਦੇ ਨਾਲ ਇੱਕ ਸੱਚੀ ਅਤੇ ਪ੍ਰਭਾਵਸ਼ਾਲੀ ਭਾਗੀਦਾਰੀ ਇਹ ਯਕੀਨੀ ਕਰੇਗੀ ਕਿ NALHN ਦੀਆਂ ਸੇਵਾਵਾਂ ਸਾਡੇ ਸਥਾਨਕ ਭਾਈਚਾਰੇ ਦੇ ਦਿਲ ਦੇ ਸਮਾਨ ਰਹਿਣਗੀਆਂ ਅਤੇ ਸਾਡੇ ਰਣਨੀਤਿਕ ਅੱਛੇ ਭਵਿੱਖ (strategic vision) ਨੂੰ ਸੱਚ ਕਰ ਵਿਖਾਉਣਗੀਆਂ।

## ਭਵਿੱਖ ਜੋ ਅਸੀਂ ਚਾਹੁੰਦੇ ਹਾਂ (OUR VISION)

ਸਾਡੇ ਭਾਈਚਾਰੇ ਨੂੰ ਜੀਵਨ ਭਰ ਵਧੀਆ ਤੋਂ ਵਧੀਆ ਸਿਹਤ ਅਤੇ ਦੁਰੁਸਤਗੀ ਉਪਲਬਧ ਹੋਵੇ।

## ਸਾਡੇ ਅਸੂਲ (OUR VALUES)

### NALHN ਵਿਖੇ, ਸਾਡਾ ਇਹ ਮੰਨਣਾ ਹੈ ਕਿ:

*ਹਰ ਕਿਸੇ ਦੀ ਕੋਈ ਕਹਾਣੀ ਹੈ; ਹਰ ਕੋਈ ਮਾਇਨੇ ਰੱਖਦਾ ਹੈ; ਹਰ ਕੋਈ ਯੋਗਦਾਨ ਦਿੰਦਾ ਹੈ; ਹਰ ਕੋਈ ਵੱਧਦਾ ਹੈ;*

### ਸਾਡਾ ਇਹ ਵਿਸ਼ਵਾਸ ਕਿਓਂ ਹੈ:

> **ਹਰ ਕਿਸੇ ਦੀ ਕੋਈ ਕਹਾਣੀ ਹੈ** – ਅਸੀਂ ਹਮਦਰਦੀ ਰੱਖਣ ਵਲਿਆਂ ਵਿੱਚੋਂ ਹਾਂ ਅਤੇ ਮਰੀਜਾਂ, ਪਰਿਵਾਰਾਂ ਅਤੇ ਕਰਮਚਾਰੀਆਂ ਦੀ ਥਾਂ ਤੇ ਆਪਣੇ ਆਪ ਨੂੰ ਰੱਖ ਕੇ ਵੇਖਾਂਗੇ।

> **ਹਰ ਕੋਈ ਮਾਇਨੇ ਰੱਖਦਾ ਹੈ** – ਅਸੀਂ ਸੁਆਗਤ ਕਰਨ ਵਾਲਿਆਂ, ਇੱਜ਼ਤ ਕਰਣ ਵਾਲਿਆਂ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲਿਆਂ ਵਿੱਚੋਂ ਹਾਂ। NALHN ਵਿਖੇ, ਕੋਈ ਖਾਸ ਦਰਜਾ ਹੋਣ ਦੇ ਨਾਲ ਹੀ ਉਸ ਦਰਜੇ ਨਾਲ ਆਮ ਤੌਰ ਤੇ ਜੁੜੇ ਹੋਏ ਅਧਿਕਾਰ ਮਿਲ ਨਹੀਂ ਜਾਂਦੇ।

> **ਹਰ ਕੋਈ ਯੋਗਦਾਨ ਕਰਦਾ ਹੈ** – ਹਰ ਕੋਈ ਸਭਿਆਚਾਰ ਦਾ ਨਿਰਮਾਣ ਕਰਦਾ ਹੈ ਅਤੇ NALHN ਨੂੰ ਬਿਹਤਰ ਬਣਾਉਂਦਾ ਹੈ। ਅਸੀਂ ਸੁਣਦੇ ਹਾਂ ਅਤੇ ਸਿੱਖਦੇ ਹਾਂ।

> **ਹਰ ਕੋਈ ਵੱਧਦਾ ਹੈ** – ਅਸੀਂ ਠੀਕ ਹੋਣ ਦਾ, ਦੁਰੁਸਤਗੀ, ਰਚਨਾਤਮਕਤਾ ਅਤੇ ਨਵੀਨੀਕਰਣ ਦਾ ਪ੍ਰੋਤਸਾਹਨ ਕਰਦੇ ਹਾਂ। ਅਸੀਂ ਸਭ ਵਿਕਾਸ ਦੀ ਰਾਹ ਤੇ ਚੱਲ ਰਹੇ ਹਾਂ - ਮਰੀਜ਼, ਪਰਿਵਾਰ ਅਤੇ ਕਰਮਚਾਰੀ।

## ਪਰਿਭਾਸ਼ਾਵਾਂ

ਥੱਲੇ ਦੱਸੀਆਂ ਪਰਿਭਾਸ਼ਾਵਾਂ ਸਾਨੂੰ ਮਦਦ ਕਰਦੀਆਂ ਹਨ ਕਿ ਸਾਂਝੀ ਅਤੇ ਇੱਕ-ਸਮਾਨ ਸੋਚ ਬਣਾਈ ਜਾ ਸਕੇ ਕਿ NALHN ਦੇ ਗਾਹਕ ਅਤੇ ਭਾਈਚਾਰਕ ਸਦੱਸ ਕੌਣ ਹਨ:

### ਗਾਹਕ (Consumers)

ਸਿਹਤ ਸੇਵਾਵਾਂ ਦੇ ਇਸਤਮਾਲ-ਕਰਤਾ ਜਾਂ ਸੰਭਾਵਿਕ ਇਸਤਮਾਲ ਕਰਤਾਵਾਂ ਨੂੰ ਗਾਹਕ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਵਿੱਚ ਸ਼ਾਮਿਲ ਕੀਤੇ ਜਾਂਦੇ ਹਨ ਮਰੀਜ਼, ਗਾਹਕ (clients) ਅਤੇ, ਇਨ੍ਹਾਂ ਨਾਲ ਜੁੜੇ ਹੋਣ ਕਰ ਕੇ, ਇਨ੍ਹਾਂ ਦੇ ਪਰਿਵਾਰ, ਸੰਭਾਲ ਕਰਤਾ ਅਤੇ ਇਸਤੇਮਾਲ ਕਰਤਾ ਦੇ ਸਹਿਯੋਗ ਨੈੱਟਵਰਕ ਦੇ ਹੋਰ ਸਦੱਸ। NALHN ਜਾਣ ਬੁੱਝ ਕੇ ਖਪਤਕਾਰ (consumers) ਸ਼ਬਦ ਦਾ ਇਸਤੇਮਾਲ ਕਰਦਾ ਹੈ।

### ਭਾਈਚਾਰਾ (Community)

ਭਾਈਚਾਰਾ ਲੋਕਾਂ ਜਾਂ ਸੰਸਥਾਵਾਂ ਦੇ ਕਿਸੇ ਵੀ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਕਿ ਸਿਹਤ ਦੇ ਗਾਹਕਾਂ (health consumers) ਜਾਂ ਖਾਸ ਸਿਹਤ ਨਾਲ ਜੁੜੇ ਭਾਈਚਾਰਿਆਂ (specific health communities) ਦੀ ਨੁਮਾਇੰਦਗੀ ਕਰਦਾ ਹੈ ਜਾਂ ਉਨ੍ਹਾਂ ਦੀ ਇੱਕ-ਜੁੱਟ ਆਵਾਜ਼ ਨੂੰ ਸਾਮ੍ਹਣੇ ਲਿਆਂਦਾ ਹੈ।

### ਭਾਈਚਾਰਕ ਸ਼ਮੂਲੀਅਤ (Consumer Engagement)

ਭਾਈਚਾਰਕ ਸ਼ਮੂਲੀਅਤ ਤੋਂ ਭਾਵ ਹੈ ਸਿਹਤ ਦੇ ਗਾਹਕ, ਉਨ੍ਹਾਂ ਦੇ ਪਰਿਵਾਰ ਅਤੇ ਸੰਭਾਲ ਕਰਤਾ ਜੋ ਆਪਣੀ ਸਿਹਤ ਦੇ ਵਿੱਚ ਆਪ ਹਿੱਸਾ ਲੈ ਰਹੇ ਹਨ।

## ਸਾਡਾ ਸਥਾਨਕ ਸਿਹਤ ਨੈੱਟਵਰਕ

> Lyell McEwin ਹਸਪਤਾਲ – ਅਪਾਤਕਾਲ ਸੰਭਾਲ, ਪੇਚੀਦਾ ਅਤੇ ਇੱਕ ਤੋਂ ਵੱਧ ਦਿਨਾਂ ਦੀ ਸਰਜਰੀ, ਦਵਾਈਆਂ, ਬੱਚਾ-ਜਨਮ ਅਤੇ ਦਾਈ ਸੇਵਾਵਾਂ (obstetrics), ਬਾਲ ਰੋਗ ਵਿਗਯਾਨ (paediatrics) ਅਤੇ ਆਊਟਪੇਸ਼ੈਂਟ ਸੇਵਾਵਾਂ ਲਈ ਉੱਤਰ ਅਤੇ ਉੱਤਰ-ਪੂਰਬ ਦਾ ਪ੍ਰਮੁੱਖ ਹਸਪਤਾਲ।

> Modbury ਹਸਪਤਾਲ – ਇੱਕ ਜਨਰਲ ਹਸਪਤਾਲ ਹੈ ਜਿੱਥੇ ਅਪਾਤਕਾਲ ਸੰਭਾਲ, ਇਲੈਕਟਿਵ ਸਰਜਰੀ, ਦਵਾਈਆਂ, ਆਊਟਪੇਸ਼ੈਂਟ ਅਤੇ ਆਮ ਸੰਭਾਲ (sub-acute) ਸੇਵਾਵਾਂ, ਮੁੜ-ਵਸੇਬਾ (rehabilitation), ਬੁੱਢੇ ਲੋਕਾਂ ਦੀਆਂ ਸਮਾਸਿਆਵਾਂ (geriatric) ਅਤੇ ਵੱਧ ਚੁੱਕੀਆਂ ਬਿਮਾਰੀਆਂ ਦੀ ਸੰਭਾਲ (palliative care) ਉਪਲਬਧ ਹੈ।

> ਮੁੱਢਲੀ ਸਿਹਤ (Primary health), ਆਮ ਸੰਭਾਲ (sub-acute) ਅਤੇ ਅਸਥਾਈ ਸੰਭਾਲ (transitional care) ਸੇਵਾਵਾਂ, ਜਿਸ ਵਿੱਚ ਐਲਿਜ਼ਾਬੇਥ ਵਿਖੇ GP Plus ਸਿਹਤ ਸੰਭਾਲ ਕੇਂਦਰ ਅਤੇ Gilles Plains ਵਿਖੇ ਸੈਟਲਾਈਟ ਸਮੇਤ GP Plus ਸੁਪਰ ਕਲੀਨਿਕ ਮੌਡਬਰੀ।

> Watto Purrunna ਆਦੀਵਾਸੀ ਮੁੱਢਲੀ ਸਿਹਤ ਸੰਭਾਲ ਸੇਵਾਵਾਂ ਦੇ ਸਥਾਨ Muna Paeindi, Kanggawodli, Maringga Turtpandi ਅਤੇ Wonggangga Turtpandi.

> ਸਮੁੱਚੇ ਭਾਈਚਾਰੇ ਅਤੇ ਹਸਪਤਾਲ ਦੀਆਂ ਪਰਿਸਸਥਿਤੀਆਂ ਵਿੱਚ ਉੱਤਰੀ ਦਿਮਾਗੀ ਸਿਹਤ ਸੇਵਾਵਾਂ (Northern Mental Health services), ਜਿਸ ਵਿੱਚ ਬਾਲਗ ਅਤੇ ਬੁੱਢੇ ਲੋਕਾਂ ਦੀ ਦਿਮਾਗੀ ਸਿਹਤ ਲਈ ਸੇਵਾਵਾਂ ਅਤੇ ਨਾਲ ਨਾਲ ਹੀ ਪੂਰੇ ਪ੍ਰਦੇਸ਼ ਵਿੱਚ ਫੋਰੈਂਸਿਕ ਦਿਮਾਗੀ ਸਿਹਤ ਸੇਵਾਵਾਂ।

## NALHN ਗਾਹਕਾਂ ਅਤੇ ਭਾਈਚਾਰਿਆਂ ਦੇ ਨਾਲ ਕਿਵੇਂ ਜੁੜੇਗਾ

NALHN ਨੇ ਦੱਖਣੀ ਔਸਟ੍ਰੇਲਿਯਨ ਸਰਕਾਰ ਦੇ ਅੱਛੀ ਸ਼ਮੂਲੀਅਤ (good engagement) ਦੇ ਛੇ ਅਸੂਲ ਅਪਣਾਏ ਹਨ ਜਿਨ੍ਹਾਂ ਨੂੰ 'ਬੈਟਰ ਟੂਗੈਦਰ (Better Together)' ਅਸੂਲ' ਕਿਹਾ ਜਾਂਦਾ ਹੈ। ਭਾਗੀਦਾਰੀ ਵਿੱਚ ਕੰਮ ਕਰਨ ਦੀ ਸਾਡੀ ਵਚਨਬੱਧਤਾ ਵਾਸਤਵਿਕ ਹੈ ਅਤੇ ਇਹ ਅਸੂਲ ਸਾਡੇ ਗਾਹਕਾਂ ਅਤੇ ਭਾਈਚਾਰਿਆਂ ਦੇ ਸਾਡੀ ਘੋਸ਼ਣਾ ਉੱਪਰ ਹੋਣ ਵਾਲੇ ਭਰੋਸੇ ਨੂੰ ਯਕੀਨੀ ਬਣਾਉਣਗੇ।

### ਅਸੀਂ ਜਾਣਦੇ ਹਾਂ ਕੀ ਅਸੀਂ ਜੁੜ ਕਿਉਂ ਰਹੇ ਹਾਂ

> ਸਾਨੂੰ ਇਹ ਸਾਫ ਸਾਫ ਪਤਾ ਹੈ ਕੀ ਗਾਹਕਾਂ ਅਤੇ ਭਾਈਚਾਰਿਆਂ ਨੂੰ ਕਿਨ੍ਹਾਂ ਚੀਜ਼ਾਂ ਉੱਪਰ ਵਿਚਾਰ ਕਰਨ ਦੇ ਲਈ ਕਿਹਾ ਜਾ ਰਿਹਾ ਹੈ ਅਤੇ ਓਹ ਫੈਸਲਿਆਂ ਉੱਪਰ ਕਿਵੇਂ ਪ੍ਰਭਾਵ ਪਾਉਂਦੇ ਹਨ।

> ਫੈਸਲੇ ਤੁਹਾਡੇ ਨਾਲ ਕਿਸ ਤਰੀਕੇ ਨਾਲ ਸਾਂਝੇ ਕੀਤੇ ਜਾਣਗੇ ਇਸ ਦੀਆਂ ਸਮੇਂ ਸੀਮਾਵਾਂ ਅਤੇ ਪ੍ਰਕ੍ਰਿਆਵਾਂ ਬਾਰੇ ਅਸੀਂ ਸਾਫ ਸਾਫ ਦੱਸਾਂਗੇ।

> ਇਸ ਨਾਲ ਸਾਨੂੰ ਮੱਦਦ ਮਿਲੇਗੀ ਕੀ ਅਸੀਂ ਤੁਹਾਡੀਆਂ ਉਮੀਦਾਂ ਨੂੰ ਪੂਰਾ ਕਰ ਸਕੀਏ।

### ਅਸੀਂ ਜਾਣਦੇ ਹਾਂ ਕਿਸ ਨੂੰ ਨਾਲ ਜੋੜਨਾ ਹੈ

> ਅਸੀਂ ਯਕੀਨੀ ਕਰਾਂਗੇ ਕੀ ਗਾਹਕ ਅਤੇ ਭਾਈਚਾਰਿਆਂ ਨੂੰ ਪਤਾ ਹੈ ਕਿ ਕਦੋਂ ਅਤੇ ਕਿਸ ਤਰੀਕੇ ਨਾਲ ਓਹ "ਆਪਣੀ ਗੱਲ ਸਾਮ੍ਹਣੇ ਰੱਖ ਸਕਦੇ ਹਨ"।

### ਸਾਨੂੰ ਇਤਿਹਾਸ ਬਾਰੇ ਪਤਾ ਹੈ

> ਅਸੀਂ ਪਿਛਲੇ ਗਾਹਕ ਅਤੇ ਭਾਈਚਾਰਕ ਸ਼ਮੂਲੀਅਤ ਤੋਂ ਜੋ ਕੁਝ ਵੀ ਪਹਿਲਾਂ ਤੋਂ ਹੀ ਜਾਣਦੇ ਹਾਂ ਜਾਂ ਓਸ ਤੋਂ ਜੋ ਕੁਝ ਵੀ ਸਿੱਖਿਆ ਹੈ, ਅਸੀਂ ਉਸ ਉੱਤੇ ਹੀ ਅੱਗੇ ਹੋਰ ਵੱਧਣਾ ਜਾਰੀ ਰੱਖ ਸਕਦੇ ਹਾਂ।

> ਜੇ ਸਾਨੂੰ ਇਹ ਕਰਨ ਦੀ ਲੋੜ ਦੁਬਾਰਾ ਤੋਂ ਹੋਈ, ਤਾਂ ਅਸੀਂ ਤੁਹਾਨੂੰ ਦੱਸਾਂਗੇ ਕੀ ਅਜਿਹਾ ਕਿਉਂ।

### ਅਸੀਂ ਇਕੱਠਿਆਂ ਸ਼ੁਰੂ ਕਰਦੇ ਹਾਂ

> ਗਾਹਕਾਂ ਅਤੇ ਭਾਈਚਾਰਿਆਂ ਦੇ ਨਾਲ ਅਸਲ ਸ਼ਬਦਾਂ ਵਿੱਚ ਕੰਮ ਕਰਨ ਦੇ ਲਈ ਸਮਾਂ ਲਗਦਾ ਹੈ ਅਤੇ ਇਸ ਪਿੱਛੇ ਲਗਾਤਾਰ ਕੀਤੀ ਗਈ ਕੋਸ਼ਿਸ਼ ਹੁੰਦੀ ਹੈ ਤਾਂ ਜੋ NALHN ਵੱਲੋਂ ਫੈਸਲੇ ਲਿੱਤੇ ਜਾਣ ਦੇ ਵੇਲੇ, ਤੁਹਾਡੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਿਆ ਜਾ ਸਕੇ।

### ਅਸੀਂ ਸੱਚ ਵਿੱਚ ਓਹ ਹਾਂ ਜੋ ਕਹਿੰਦੇ ਹਾਂ (We are genuine)

> ਅਸੀਂ ਗਾਹਕਾਂ ਅਤੇ ਭਾਈਚਾਰਿਆਂ ਦੇ ਨਾਲ ਜੁੜਨ ਦੇ ਆਪਣੇ ਈਰਦੀਆਂ ਬਾਰੇ ਬਿਲਕੁਲ ਇਮਾਨਦਾਰ ਅਤੇ ਸਾਫ ਹਾਂ।

> ਸਾਡੀਆਂ ਯੋਜਨਾਵਾਂ ਅਤੇ ਅਸੀਂ ਜੋ ਕਰਦੇ ਹਾਂ ਉਨ੍ਹਾਂ ਵਿੱਚ ਇਹ ਇਰਾਦਾ ਦਿਖਾਈ ਦੇਵੇਗਾ।

> ਅਸੀਂ ਤੁਹਾਨੂੰ ਸੁਣਾਂਗੇ।

> ਅਸੀਂ ਤੁਹਾਨੂੰ ਦੱਸਾਂਗੇ ਕਿ ਤੁਸੀਂ NALHN ਦੇ ਫੈਸਲਿਆਂ ਵਿੱਚ ਕਿਸ ਤਰੀਕੇ ਨਾਲ ਯੋਗਦਾਨ ਕੀਤਾ ਹੈ।

> ਅਸੀਂ ਤੁਹਾਨੂੰ ਦੱਸਾਂਗੇ ਕਿ ਕਿਸ ਤਰੀਕੇ ਨਾਲ ਤੁਹਾਡੀ ਆਵਾਜ਼ ਸੁਣੀ ਗਈ ਹੈ।

### ਅਸੀਂ ਢੁਕਵੇਂ ਹਾਂ (We are relevant)

> ਗਾਹਕ ਅਤੇ ਭਾਈਚਾਰੇ ਇੱਕ ਅਜਿਹਾ ਕੇਂਦਰ ਹਨ ਜਿਨ੍ਹਾਂ ਦੇ ਇਰਦ-ਗਿਰਦ ਹੀ ਅਸੀਂ ਸਭ ਕੁਝ ਕਰਦੇ ਹਾਂ।

> ਅਸੀਂ ਇਹ ਯਕੀਨੀ ਕਰ ਲੈਣਾ ਚਾਹੁੰਦੇ ਹਾਂ ਕਿ ਤੁਹਾਡੇ ਨਾਲ ਸਾਡੀ ਭਾਗੀਦਾਰੀ ਢੁੱਕਵੀਂ ਅਤੇ ਦਿਲਚਸਪ ਹੋਵੇ ਅਤੇ ਸਮਝਣ ਵਿੱਚ ਅਤੇ ਭਾਗ ਲਿੱਤੇ ਜਾ ਸਕਣ ਵਿੱਚ ਅਸਾਨ ਹੋਵੇ।

## ਤੁਹਾਡੇ ਨਾਲ ਸਾਡੀ ਵਚਨਬੱਧਤਾ

ਅਸੀਂ ਗਾਹਕਾਂ ਅਤੇ ਭਾਈਚਾਰਿਆਂ ਨੂੰ ਮਦਦ ਕਰਾਂਗੇ ਕਿ ਫੀਡਬੈਕ ਦੇ ਸਕਣ, ਨਵੇਂ ਸੁਝਾਅ ਦੇ ਸਕਣ ਅਤੇ ਸਾਡੇ ਫੈਸਲੇ ਲਿੱਤੇ ਜਾਣ ਦਾ ਇੱਕ ਹਿੱਸਾ ਬਣ ਸਕਣ।








# ਗਾਹਕ + ਭਾਈਚਾਰਾ ਸ਼ਮੂਲੀਅਤ ਰਣਨੀਤਕਿ ਸਾਰ

(Engagement Strategy Summary) 2020–25

Government of South Australia

Health
Northern Adelaide
Local Health Network

Punjabi / ਪੰਜਾਬੀ